**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)
2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈੱਬ ਸਾਈਟ ਰਾਹੀਂ)

ਮੀਮੋ ਨੰ ਸਸਅ/ ਕੋਆਰਡੀਨੇਸ਼ਨ/53385
ਮਿਤੀ ਚੰਡੀਗੜ੍ਹ 17 ਅਗਸਤ, 2010

ਵਿਸ਼ਾ ਸਕੂਲਾਂ ਵਿੱਚ ਪੰਜਾਬ ਰਾਜ ਦੇ ਬਣਾਏ ਨਕਸ਼ਿਆਂ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪਿਛਲੇ ਦਿਨੀਂ ਪੰਜਾਬ ਰਾਜ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਦੌਰਿਆਂ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਬਹੁਤ ਸਾਰੇ ਸਕੂਲ ਮੁੱਖੀਆਂ ਨੇ ਭਾਰਤ, ਪੰਜਾਬ ਅਤੇ ਆਪਣੇ ਜ਼ਿਲ੍ਹੇ ਦੇ ਨਕਸ਼ੇ ਵਿਦਿਆਰਥੀਆਂ ਦੀ ਜਾਣਕਾਰੀ ਅਤੇ ਉਨ੍ਹਾਂ ਵਿੱਚ ਰੋਚਿਕਤਾ ਲਈ ਬਣਾਏ ਹੋਏ ਹਨ । ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਕਈ ਥਾਵਾਂ ਤੇ ਪੰਜਾਬ ਰਾਜ ਦੇ ਨਕਸ਼ੇ ਵਿੱਚ ਕਾਫੀ ਗਲਤੀਆਂ ਪਾਈਆਂ ਗਈਆਂ ਹਨ । ਮਿਸਾਲ ਦੇ ਤੌਰ ਤੇ ਪੰਜਾਬ ਰਾਜ ਦੇ ਅਜੇ ਵੀ 17 ਜਾਂ 19 ਜ਼ਿਲ੍ਹੇ ਵਿਖਾਏ ਹੋਏ ਹਨ। ਇਸ ਤੋਂ ਇਲਾਵਾ ਕਈ ਉਨ੍ਹਾਂ ਸ਼ਹਿਰਾਂ ਨੂੰ ਜ਼ਿਲ੍ਹਾ ਵਿਖਾਇਆ ਹੋਇਆ ਹੈ ਜੋ ਕਿ ਸਰਕਾਰ ਵੱਲੋਂ ਨੋਟੀਫਾਈ ਹੀ ਨਹੀਂ ਕੀਤੇ ਗਏ ਹਨ । ਹੋਰ ਵੀ ਕਈ ਉਣਤਾਈਆਂ ਧਿਆਨ ਵਿੱਚ ਆਈਆਂ ਹਨ । ਇਹ ਗੰਭੀਰ ਮੁੱਦਾ ਹੈ ।

3.0 ਇਸ ਸਬੰਧ ਵਿੱਚ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਸਬੰਧਤ ਸਕੂਲ ਮੁੱਖੀਆਂ ਨੂੰ ਹਦਾਇਤਾ ਕੀਤੀਆ ਜਾਂਦੀਆਂ ਹਨ ਕਿ ਉਹ ਆਪਣੇ ਸਕੂਲ ਵਿੱਚ ਬਿਲਕੁਲ ਠੀਕ ਨਕਸ਼ੇ ਬਣਾਉਣ, ਜਿੱਥੇ ਗਲਤੀਆਂ ਹਨ ਉਨ੍ਹਾਂ ਨਕਸ਼ਿਆਂ ਨੂੰ ਮਿਟਾ ਕੇ ਨਵੇ ਨਕਸ਼ੇ ਤਿਆਰ ਕਰਵਾਏ ਜਾਣ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ